# ਮੁਕੱਦਮਾ ਚਲਾਉਣ ਬਾਰੇ ਫ਼ੈਸਲਾ ਕਰਨਾ

ਇਹ ਲੀਫਲੈੱਟ ਮੁਕੱਦਮਾ ਚਲਾਉਣ ਦਾ ਫ਼ੈਸਲਾ ਕਿਵੇਂ ਕੀਤਾ ਜਾਂਦਾ ਹੈ, ਇਸ ਬਾਰੇ ਵਿਆਖਿਆ ਕਰਦਾ ਹੈ।

ਕ੍ਰਾਊਨ ਪ੍ਰਾਸੀਕਿਊਸ਼ਨ ਸਰਵਿਸ (ਸੀਪੀਐਸ - CPS) ਇੰਗਲੈਂਡ ਅਤੇ ਵੇਲਜ਼ ਵਿੱਚ ਇਸਤਗ਼ਾਸਾ ਦਾਇਰ ਕਰਨ ਲਈ ਪ੍ਰਮੁੱਖ ਪ੍ਰਬੰਧਕੀ ਹੈ। ਇਸ ਦਾ ਮੁਖੀ ਡਾਇਰੈਕਟਰ ਆਫ਼ ਪਬਲਿਕ ਪ੍ਰਾਸੀਕਿਊਸ਼ਨਜ਼ (Director of Public Prosecutions - ਡੀਪੀਪੀ - DPP) ਹੈ ਅਤੇ ਇਸ ਦਾ ਇੱਕ ਰਾਸ਼ਟਰੀ ਹੈੱਡਕੁਆਟਰ ਹੈ ਤੇ 42 ਏਰੀਆ (ਖੇਤਰ) ਹਨ। ਹਰੇਕ ਸੀਪੀਐਸ (CPS) ਏਰੀਆ ਦਾ ਮੁਖੀ ਇੱਕ ਚੀਫ਼ ਕ੍ਰਾਊਨ ਪ੍ਰਾਸੀਕਿਊਟਰ (Chief Crown Prosecutor) ਹੈ ਜੋ ਸੰਬੰਧਤ ਖੇਤਰ ਵਿੱਚ ਇਸਤਗ਼ਾਸਾ ਦਾਇਰ ਕਰਨ ਲਈ ਜ਼ੁੰਮੇਵਾਰ ਹੁੰਦਾ ਹੈ।

## ਤਤਕਰਾ


| | |
|---|---|
| ਪਿਛੋਕੜ | 1 |
| ਕ੍ਰਾਊਨ ਪ੍ਰਾਸੀਕਿਊਟਰ ਲਈ ਜ਼ਾਬਤਾ | 1 |
| ਸਮੀਖਿਆ | 1 |
| ਅਪਰਾਧ ਦੇ ਪੀੜਿਤ | |
| ਬੁਨਿਆਦੀ ਕਸਵੱਟੀ | 3 |
| ਆਰੋਪਾਂ ਦੀ ਚੋਣ | 4 |
| ਅਪਰਾਧ ਕਬੂਲੀ ਨੂੰ ਸ੍ਵੀਕਾਰ ਕਰਨਾ | 4 |
| ਵਿਕਟਿਮ ਸੱਪੋਰਟਲਾਈਨ | 4 |
| ਸ਼ਿਕਾਇਤਾਂ | 5 |

# ਫ਼ੌਜਦਾਰੀ ਮੁਕੱਦਮਾ ਚਲਾਉਣਾ

## ਪਿਛੋਕੜ

ਸੀਪੀਐਸ (CPS) ਦੀ 1986 ਵਿੱਚ ਸਥਾਪਨਾ ਤੋਂ ਪਹਿਲਾਂ, ਮਾਮਲੇ ਨੂੰ ਕੀ ਅਦਾਲਤ ਵਿੱਚ ਪੇਸ਼ ਕਰਨਾ ਹੈ, ਇਸ ਬਾਰੇ ਫ਼ੈਸਲਾ ਪੁਲਿਸ ਕਰਿਆ ਕਰਦੀ ਸੀ।

ਅੱਜ ਸੀਪੀਐਸ (CPS) ਫ਼ੈਸਲਾ ਕਰਦੀ ਹੈ ਕਿ ਲੋਕਾਂ ʻਤੇ ਅਦਾਲਤ ਵਿੱਚ ਮੁਕੱਦਮਾ ਚਲਾਉਣਾ ਹੈ ਕਿ ਨਹੀਂ। ਐਪਰ ਕਥਿਤ ਅਪਰਾਧ ਦੀ ਤਫ਼ਤੀਸ਼ ਅੱਜ ਵੀ ਪੁਲਿਸ ਹੀ ਕਰਦੀ ਹੈ।

ਵਧੇਰੇ ਮਾਮਲਿਆਂ ਵਿੱਚ ਕ੍ਰਾਊਨ ਪ੍ਰਾਸੀਕਿਊਟਰ ਫ਼ੈਸਲਾ ਕਰਨਗੇ ਕਿ ਕੀ ਕਿਸੇ ਵਿਅਕਤੀ ʻਤੇ ਫ਼ੌਜਦਾਰੀ ਅਪਰਾਧ ਦਾ ਦੋਸ਼ ਲਾਉਣਾ ਹੈ, ਅਤੇ ਉਚਿਤ ਆਰੋਪ ਜਾਂ ਆਰੋਪਾਂ ਬਾਰੇ ਵੀ ਫ਼ੈਸਲਾ ਕਰਨਗੇ। ਜਿਨ੍ਹਾਂ ਮਾਮਲਿਆਂ ਵਿੱਚ ਪੁਲਿਸ ਆਰੋਪ ਬਾਰੇ ਫ਼ੈਸਲਾ ਕਰਦੀ ਹੈ, ਉਹ ਆਮ ਕਰਕੇ ਮਾਮੂਲੀ ਅਤੇ ਰੁਟੀਨ ਦੇ ਕੇਸ ਹੁੰਦੇ ਹਨ, ਉਹ ਵੀ ਇਨ੍ਹਾਂ ਸਿੱਧਾਂਤਾਂ ਨੂੰ ਹੀ ਅਪਣਾਉਂਦੀ ਹੈ।

ਅਸੀਂ ਕੇਸ ਦੇ ਤੱਥਾਂ ਉੱਪਰ ਕ੍ਰਾਊਨ ਪ੍ਰਾਸੀਕਿਊਟਰਾਂ ਦੇ ਜ਼ਾਬਤੇ ਨੂੰ ਲਾਗੂ ਕਰਕੇ ਫ਼ੈਸਲਾ ਕਰਾਂਗੇ ਕਿ ਕੀ ਮੁਕੱਦਮਾ ਚਲਾਉਣਾ ਹੈ ਕਿ ਨਹੀਂ।

## ਕ੍ਰਾਊਨ ਪ੍ਰਾਸੀਕਿਊਟਰਾਂ ਲਈ ਜ਼ਾਬਤਾ

ਕ੍ਰਾਊਨ ਪ੍ਰਾਸੀਕਿਊਟਰਾਂ ਲਈ ਜ਼ਾਬਤਾ (ਕੋਡ - Code) ਇੱਕ ਸਰਕਾਰੀ ਦਸਤਾਵੇਜ਼ ਹੈ ਜਿਸ ਵਿੱਚ ਉਹ ਬੁਨਿਆਦੀ ਸਿੱਧਾਂਤ ਦਿੱਤੇ ਗਏ ਹਨ ਜਿਨ੍ਹਾਂ ਨੂੰ ਮੁਕੱਦਮਾ ਚਲਾਉਣ ਬਾਰੇ ਸੰਬੰਧਤ ਫ਼ੈਸਲਾ ਕਰਨ ਲਈ ਕ੍ਰਾਊਨ ਪ੍ਰਾਸੀਕਿਊਟਰ ਨੂੰ ਅਪਣਾਉਣਾ ਚਾਹੀਦਾ ਹੈ। ਤੁਸੀਂ ਇਸ ਦੀ ਕਾਪੀ ਆਪਣੇ ਸਥਾਨਿਕ ਸੀਪੀਐਸ (CPS) ਦਫ਼ਤਰ ਤੋਂ ਪ੍ਰਾਪਤ ਕਰ ਸਕਦੇ ਹੋ।

ਭਾਵੇਂ ਹਰੇਕ ਕੇਸ ਆਪਣੇ ਆਪ ਵਿੱਚ ਨਵੇਕਲਾ ਹੁੰਦਾ ਹੈ ਅਤੇ ਉਸ ਦੇ ਆਪਣੇ ਤੱਥਾਂ ਤੇ ਗੁਣਾਂ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਕੁਝ ਵਿਆਪਕ ਸਿੱਧਾਂਤ ਹਨ ਜਿਨ੍ਹਾਂ ਨੂੰ ਹਰੇਕ ਮਾਮਲੇ ਨਾਲ ਨਜਿੱਠਣ ਵੇਲੇ ਕ੍ਰਾਊਨ ਪ੍ਰਾਸੀਕਿਊਟਰ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਨਿਆਂਸੰਗਤ, ਸੁਤੰਤਰ ਅਤੇ ਨਿਰਪੱਖ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਮਸ਼ਕੂਕ ਬਾਰੇ ਆਪਣੇ ਕਿਸੇ ਨਿੱਜੀ ਵਿਚਾਰ, ਪੀੜਿਤ ਜਾਂ ਗਵਾਹ ਦੇ ਨਸਲੀ ਜਾਂ ਰਾਸ਼ਟਰੀ ਮੂਲ, ਨਿਰਯੋਗਤਾ, ਧਾਰਮਿਕ ਵਿਸ਼ਵਾਸ, ਰਾਜਨੀਤਿਕ ਵਿਚਾਰ, ਜਿਨਸੀ ਰੁਝਾਨ ਜਾਂ ਕਿ ਉਹ ਪੁਰਸ਼ ਹੈ ਕਿ ਇਸਤਰੀ ਦਾ ਆਪਣੇ ਫ਼ੈਸਲੇ ਉੱਪਰ ਪ੍ਰਭਾਵ ਨਾ ਪੈਣ ਦੇਣ।

ਇਹ ਯਕੀਨੀ ਬਣਾਉਣਾ ਉਨ੍ਹਾਂ ਦਾ ਫ਼ਰਜ਼ ਹੈ ਕਿ ਸਹੀ ਵਿਅਕਤੀ ਉੱਪਰ ਸਹੀ ਅਪਰਾਧ ਦਾ ਹੀ ਮੁਕੱਦਮਾ ਚੱਲੇ। ਇਸ ਕੰਮ ਵਿੱਚ ਕ੍ਰਾਊਨ ਪ੍ਰਾਸੀਕਿਊਟਰ ਨੂੰ ਸਦਾ ਹੀ ਨਿਆਂ ਦੇ ਹਿਤ ਵਿੱਚ ਅਮਲ ਕਰਨਾ ਚਾਹੀਦਾ ਹੈ ਨਾ ਕਿ ਕੇਵਲ ਇਸ ਮਕਸਦ ਲਈ ਕਿ ਸਜ਼ਾ ਦਿਵਾਈ ਜਾਵੇ।

## ਸਮੀਖਿਆ

ਪੁਲਿਸ ਤੋਂ ਪ੍ਰਾਪਤ ਹੋਣ ਵਾਲੇ ਹਰੇਕ ਕੇਸ ਦੀ ਕ੍ਰਾਊਨ ਪ੍ਰਾਸੀਕਿਊਸ਼ਨ ਸਰਵਿਸ ਵੱਲੋਂ ਇਹ ਯਕੀਨੀ ਬਣਾਉਣ ਲਈ ਸਮੀਖਿਆ ਕੀਤੀ ਜਾਂਦੀ ਹੈ ਕਿ ਕੀ ਇਸਤਗ਼ਾਸਾ ਦਾਇਰ ਕਰਨਾ ਉਚਿਤ ਹੈ।

## ਫ਼ੌਜਦਾਰੀ ਮੁਕੱਦਮਾ ਚਲਾਉਣਾ

ਵਧੇਰੇ ਮਾਮਲਿਆਂ ਵਿੱਚ ਕ੍ਰਾਉਨ ਪ੍ਰਾਸੀਕਿਊਟਰ ਹੀ ਸੱਚਮੁੱਚ ਇਹ ਫ਼ੈਸਲਾ ਕਰਨ ਲਈ ਜ਼ੁੰਮੇਵਾਰ ਹੁੰਦੇ ਹਨ ਕਿ ਕੀ ਵਿਅਕਤੀ ਉੱਪਰ ਫ਼ੌਜਦਾਰੀ ਅਪਰਾਧ ਕਰਨ ਦਾ ਆਰੋਪ ਲਗਾਉਣਾ ਹੈ ਅਤੇ ਜੇਕਰ ਹਾਂ ਤਾਂ ਉਹ ਕਿਹੜਾ ਅਪਰਾਧ ਹੋਵੇਗਾ।

ਇਹ ਫ਼ੈਸਲਾ ਕਰਨ ਵੇਲੇ ਕਿ ਕੀ ਅਦਾਲਤ ਵਿੱਚ ਇਸਤਗ਼ਾਸਾ ਦਾਇਰ ਕਰਨਾ ਹੈ, ਕ੍ਰਾਉਨ ਪ੍ਰਾਸੀਕਿਊਟਰ, ਉਚਿਤ ਸਥਿਤੀ ਵਿੱਚ, ਮੁਕੱਦਮਾ ਦਾਇਰ ਕਰਨ ਦੇ ਵਿਕਲਪਾਂ ਬਾਰੇ ਵੀ ਵਿਚਾਰ ਕਰਦੇ ਹਨ। ਇਸ ਵਿੱਚ ਬਾਲਗ਼ਾਂ ਨੂੰ ਚਿਤਾਵਨੀ ਜਾਂ ਯੁਵਕਾਂ ਨੂੰ ਝਿੜਕੀ ਜਾਂ ਤੰਬੀਹ ਸ਼ਾਮਲ ਹਨ।

ਜਦੋਂ ਪੁਲਿਸ ਤੋਂ ਕੋਈ ਫ਼ਾਈਲ ਪ੍ਰਾਪਤ ਹੁੰਦੀ ਹੈ ਤਾਂ ਕ੍ਰਾਉਨ ਪ੍ਰਾਸੀਕਿਊਟਰ ਕਾਗ਼ਜ਼ਾਤ ਨੂੰ ਪੜ੍ਹਨਗੇ ਅਤੇ ਇਹ ਫ਼ੈਸਲਾ ਕਰਨਗੇ ਕਿ ਕੀ ਪ੍ਰਤਿਵਾਦੀ (ਮੁੱਦਾਲਾ) ਵਿਰੁੱਧ ਕਾਫ਼ੀ ਸਬੂਤ ਹਨ ਅਤੇ ਕੀ ਉਸ ਵਿਅਕਤੀ ਨੂੰ ਅਦਾਲਤ ਵਿੱਚ ਲੈ ਜਾਣਾ ਜਨਹਿਤ ਵਿੱਚ ਹੈ। ਕਿਉਂਕਿ ਪਰਿਸਥਿਤੀਆਂ ਬਦਲ ਸਕਦੀਆਂ ਹਨ, ਇਸ ਲਈ ਕ੍ਰਾਉਨ ਪ੍ਰਾਸੀਕਿਊਟਰ ਨੂੰ ਮਾਮਲੇ ਦੀ ਲਗਾਤਾਰ ਸਮੀਖਿਆ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਕ੍ਰਾਉਨ ਪ੍ਰਾਸੀਕਿਊਟਰ ਆਰੋਪ ਵਿੱਚ ਤਬਦੀਲੀ ਕਰਨ ਬਾਰੇ ਜਾਂ ਮਾਮਲੇ ਨੂੰ ਬੰਦ ਕਰਨ ਬਾਰੇ ਵਿਚਾਰ ਕਰਦੇ ਹਨ ਤਾਂ ਉਹ ਜਿੱਥੇ ਵੀ ਸੰਭਵ ਹੋਇਆ ਪੁਲਿਸ ਨਾਲ ਸੰਪਰਕ ਕਰਨਗੇ। ਇਸ ਨਾਲ ਪੁਲਿਸ ਨੂੰ ਵਧੇਰੇ ਜਾਣਕਾਰੀ ਮੁਹਈਆ ਕਰਨ ਦਾ ਅਵਸਰ ਮਿਲਦਾ ਹੈ ਜਿਸ ਵਜੋਂ ਫ਼ੈਸਲਾ ਪ੍ਰਭਾਵਿਤ ਹੋ ਸਕਦਾ ਹੈ।

ਭਾਵੇਂ ਪੁਲਿਸ ਅਤੇ ਸੀਪੀਐਸ (CPS) ਇੱਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ, ਅਸੀਂ ਪੂਰੀ ਤਰ੍ਹਾਂ ਇੱਕ ਦੂਜੇ ਤੋਂ ਸੁਤੰਤਰ ਹਾਂ ਅਤੇ ਇਹ ਫ਼ੈਸਲਾ ਕਰਨਾ ਕਿ ਜੋ ਆਰੋਪ ਲਾਇਆ ਗਿਆ ਹੈ ਉਸ ਉੱਪਰ ਫ਼ੌਜਦਾਰੀ ਇਸਤਗ਼ਾਸਾ ਦੀ ਕਾਰਵਾਈ ਕਰਨੀ ਹੈ ਕਿ ਨਹੀਂ ਸੀਪੀਐਸ (CPS) ਦੀ ਹੀ ਅੰਤਿਮ ਜ਼ੁੰਮੇਵਾਰੀ ਹੈ।

ਕ੍ਰਾਉਨ ਪ੍ਰਾਸੀਕਿਊਟਰ ਨੇ ਆਪਣਾ ਫ਼ੈਸਲਾ ਕਰਨ ਵੇਲੇ ਆਪਣੇ ਆਪ ਤੋਂ ਇਹ ਦੋ ਪ੍ਰਸ਼ਨ ਪੁੱਛਣੇ ਹੁੰਦੇ ਹਨ।

*ਕੀ ਪ੍ਰਤਿਵਾਦੀ (ਮੁੱਦਾਲਾ) ਵਿਰੁੱਧ ਕਾਫ਼ੀ ਸਬੂਤ ਹਨ?*

ਸਬੂਤ ਏਨੇ ਕੁ ਕਾਫ਼ੀ ਹੋਣੇ ਚਾਹੀਦੇ ਹਨ ਕਿ ਪ੍ਰਤਿਵਾਦੀ (ਮੁੱਦਾਲਾ) ਦੇ 'ਦੋਸ਼ੀ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ' ਹੈ। ਦੋਸ਼ੀ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ ਇੱਕ ਨਿਰਪੱਖ ਕਸਵੱਟੀ ਹੈ। ਇਸ ਦਾ ਮਤਲਬ ਹੈ ਕਿ ਜ਼ੂਰੀ ਜਾਂ ਮਜਿਸਟ੍ਰੇਟ ਦੀ ਬੈਂਚ, ਜਿਸ ਨੂੰ ਕਨੂੰਨ ਅਨੁਸਾਰ ਉਚਿਤ ਨਿਰਦੇਸ਼ ਦਿੱਤੇ ਗਏ ਹੋਣ, ਦੁਆਰਾ ਪ੍ਰਤਿਵਾਦੀ (ਮੁੱਦਾਲਾ) ਨੂੰ ਕਥਿਤ ਆਰੋਪ ਦਾ ਦੋਸ਼ੀ ਮੰਨਣ ਦੀ ਵਧੇਰੇ ਕਰਕੇ ਸੰਭਾਵਨਾ ਹੈ। ਇਹ ਉਸ ਕਸਵੱਟੀ ਤੋਂ ਵੱਖ ਹੈ ਜਿਸ ਨੂੰ ਫ਼ੌਜਦਾਰੀ ਅਦਾਲਤਾਂ ਨੂੰ ਵਰਤਣਾ ਚਾਹੀਦਾ ਹੈ। ਜ਼ੂਰੀ ਜਾਂ ਮਜਿਸਟ੍ਰੇਟੀ ਅਦਾਲਤ ਨੂੰ ਕੇਵਲ ਉਦੋਂ ਹੀ ਪ੍ਰਤਿਵਾਦੀ (ਮੁੱਦਾਲਾ) ਨੂੰ ਸਜ਼ਾ ਯੋਗ ਮੰਨਣਾ ਚਾਹੀਦਾ ਹੈ ਜਦੋਂ ਉਨ੍ਹਾਂ ਨੂੰ ਵਿਸ਼ਵਾਸ ਹੋਵੇ ਕਿ ਉਹ ਦੋਸ਼ੀ ਹੈ।

ਇਹ ਫ਼ੈਸਲਾ ਕਰਨ ਵੇਲੇ ਕਿ ਸਬੂਤ ਮੁਕੱਦਮਾ ਚਲਾਉਣ ਲਈ ਕਾਫ਼ੀ ਹਨ, ਕ੍ਰਾਉਨ ਪ੍ਰਾਸੀਕਿਊਟਰ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸਬੂਤ ਅਦਾਲਤ ਵਿੱਚ ਵਰਤੇ ਜਾ ਸਕਦੇ ਹਨ ਅਤੇ ਕੀ ਉਹ ਭਰੋਸੇ ਯੋਗ ਹਨ। ਇਸ ਦਾ ਮਤਲਬ ਹੈ ਕਿ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਸਾਰੇ ਗਵਾਹਾਂ ਦੇ ਸਬੂਤਾਂ ਦੀ ਕੁਆਲਿਟੀ ਦਾ ਨਿਰਧਾਰਨ ਕਰਨਾ ਚਾਹੀਦਾ ਹੈ। ਕੇਸ ਨੂੰ ਚਲਾਉਣ ਦੇ ਫ਼ੈਸਲੇ ਦਾ ਇਹ ਮਤਲਬ ਨਹੀਂ ਹੈ ਕਿ ਪ੍ਰਾਸੀਕਿਊਟਰ ਨੂੰ ਇੱਕ ਗਵਾਹ 'ਤੇ ਵਿਸ਼ਵਾਸ ਕਰਨਾ ਉਚਿਤ ਲੱਗਿਆ ਹੈ ਅਤੇ ਦੂਜੇ 'ਤੇ ਨਹੀਂ।

ਜੇਕਰ ਦੋਸ਼ੀ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ ਨਹੀਂ ਹੈ ਤਾਂ ਕੇਸ ਨਹੀਂ ਚਲਾਉਣਾ ਚਾਹੀਦਾ ਭਾਵੇਂ ਉਹ ਕਿੰਨਾ ਵੀ ਮਹੱਤਵਪੂਰਨ ਜਾਂ ਗੰਭੀਰ ਹੋਵੇ।

## ਫ਼ੌਜਦਾਰੀ ਮੁਕੱਦਮਾ ਚਲਾਉਣਾ

ਜੇਕਰ ਦੋਸ਼ੀ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ ਹੈ ਤਾਂ ਕ੍ਰਾਉਨ ਪ੍ਰਾਸਿਕੀਊਟਰ ਅਗਲਾ ਪ੍ਰਸ਼ਨ ਪੁੱਛਣਗੇ।

*ਕੀ ਸੀਪੀਐਸ (CPS) ਦੁਆਰਾ ਮਾਮਲੇ ਨੂੰ ਅਦਾਲਤ ਵਿੱਚ ਲੈ ਜਾਣਾ ਜਨਹਿਤ ਵਿੱਚ ਹੈ?*

ਇਸ ਦੇਸ ਵਿੱਚ ਇਹ ਨਿਯਮ ਕਦੀ ਵੀ ਨਹੀਂ ਰਿਹਾ ਹੈ ਕਿ ਹਰੇਕ ਫ਼ੌਜਦਾਰੀ ਅਪਰਾਧ ਉੱਪਰ ਆਪਣੇ ਆਪ ਹੀ ਮੁਕੱਦਮਾ ਚਲਣਾ ਚਾਹੀਦਾ ਹੈ। ਇਸੇ ਕਾਰਨ ਹਰੇਕ ਮਾਮਲੇ ਵਿੱਚ ਕ੍ਰਾਉਨ ਪ੍ਰਾਸੀਕਿਊਟਰ ਨੂੰ ਮਕੱਦਮਾ ਚਲਾਉਣ ਵਿੱਚ ਜਨਹਿਤ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਫ਼ੈਸਲਾ ਕਰਨ ਤੋਂ ਪਹਿਲਾਂ ਇਸਤਗ਼ਾਸਾ ਪੇਸ਼ ਕਰਨ ਦੇ ਹੱਕ ਅਤੇ ਵਿਰੁੱਧ ਸਾਰੇ ਪੱਖਾਂ ਦੇ ਸੰਤੁਲਨ ਉੱਪਰ ਗੰਭੀਰਤਾ ਅਤੇ ਨਿਆਂਸੰਗਤ ਤਰੀਕੇ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਆਮ ਕਰਕੇ ਮੁਕੱਦਮਾ ਚਲਾਇਆ ਜਾਵੇਗਾ ਜਦੋਂ ਤੱਕ ਕਿ ਜਨਹਿਤ ਦਾ ਨਿਰਧਾਰਨ ਮੁਕੱਦਮਾ ਚਲਾਉਣ ਦੇ ਮੁਕਾਬਲੇ ਮੁਕੱਦਮਾ ਨਾ ਚਲਾਉਣ ਦੇ ਪੱਖ ਵਿੱਚ ਸਪਸ਼ਟ ਰੂਪ ਵਿੱਚ ਨਾ ਹੋਵੇ।

ਜਨਹਿਤ ਦਾ ਮੁੱਦਾ ਜੋ ਮੁਕੱਦਮਾ ਚਲਾਉਣ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰ ਸਕਦਾ ਹੈ, ਹਰੇਕ ਮਾਮਲੇ ਵਿੱਚ ਵੱਖ ਹੋ ਸਕਦਾ ਹੈ। ਸਰਸਰੀ ਤੌਰ ਤੇ, ਕੋਈ ਵੀ ਅਪਰਾਧ ਜਿੰਨਾ ਗੰਭੀਰ ਹੋਵੇਗਾ ਓਨੀ ਹੀ ਵੱਧ ਸੰਭਾਵਨਾ ਹੈ ਕਿ ਮੁਕੱਦਮਾ ਚਲਾਉਣ ਦੀ ਲੋੜ ਜਨਹਿਤ ਵਿੱਚ ਹੋਵੇਗੀ। ਦੂਜੇ ਪਾਸੇ ਮੁਕੱਦਮਾ ਚਲਾਉਣ ਦੀ ਲੋੜ ਘੱਟ ਹੀ ਹੋਵੇਗੀ ਜੇਕਰ ਅਦਾਲਤ ਵੱਲੋਂ ਮਾਮੂਲੀ ਜਾਂ ਨਾਂ ਮਾਤੱਰ ਦੀ ਸਜ਼ਾ ਦੇਣ ਦੀ ਸੰਭਾਵਨਾ ਹੈ ਜਾਂ ਅਪਰਾਧ ਦੇ ਕਾਰਨ ਹੋਇਆ ਨੁਕਸਾਨ ਮਾਮੂਲੀ ਹੈ ਅਤੇ ਇੱਕੋ ਹੀ ਘਟਨਾ ਦੇ ਕਾਰਨ ਹੈ।

*ਪੀੜ੍ਹਤ ਅਤੇ ਜਨਹਿਤ ਵਿੱਚ ਸੰਬੰਧ*

ਸੀਪੀਐਸ ਵਧੇਰੇ ਕਰਕੇ ਜਨਹਿਤ ਵਿੱਚ ਹੀ, ਨਾ ਕਿ ਕੇਵਲ ਕਿਸੇ ਵਿਸ਼ੇਸ਼ ਵਿਅਕਤੀ ਦੇ ਹਿਤ ਵਿੱਚ ਮੁਕੱਦਮਾ ਚਲਾਉਂਦੀ ਹੈ। ਇਸ ਕਾਰਨ ਭਾਵੇਂ ਪੀੜ੍ਹਤ ਦਾ ਹਿਤ ਮਹੱਤਵਪੂਰਨ ਹੈ, ਉਹ ਮੁਕੱਦਮਾ ਚਲਾਉਣਾ ਹੈ ਕਿ ਨਹੀਂ ਬਾਰੇ ਅੰਤਿਮ ਮੁੱਦਾ ਇਹ ਨਹੀਂ ਹੋ ਸਕਦਾ ਹੈ। ਐਪਰ ਜਦੋਂ ਜਨਹਿਤ ਬਾਰੇ ਵਿਚਾਰ ਕੀਤਾ ਜਾਵੇ ਉਦੋਂ ਕ੍ਰਾਉਨ ਪ੍ਰਾਸੀਕਿਊਟਰ ਨੂੰ ਇਸ ਵੱਲ ਵੀ ਜ਼ਰੂਰ ਧਿਆਨ ਚਾਹੀਦਾ ਹੈ ਕਿ ਮੁਕੱਦਮਾ ਚਲਾਉਣ ਜਾਂ ਨਾ ਚਲਾਉਣ ਦੇ ਫ਼ੈਸਲੇ ਦਾ ਪੀੜ੍ਹਤ ਉੱਪਰ ਕੀ ਪ੍ਰਭਾਵ ਪਏਗਾ ਅਤੇ ਪੀੜ੍ਹਤ ਜਾਂ ਉਸ ਦੇ ਪਰਵਾਰ ਦੇ ਮੁਕੱਦਮਾ ਚਲਾਉਣ ਜਾਂ ਨਾ ਚਲਾਉਣ ਬਾਰੇ ਕੀ ਵਿਚਾਰ ਹਨ।

### ਬੁਨਿਆਦੀ ਕਸਵੱਟੀ

ਇਹੋ ਜਿਹੇ ਕੁਝ ਮਾਮਲੇ ਹੁੰਦੇ ਹਨ ਜਿਨ੍ਹਾਂ ਵਿੱਚ ਆਰੋਪ ਲੱਗਣ ਮਗਰੋਂ ਵਿਅਕਤੀ ਨੂੰ ਜ਼ਮਾਨਤ 'ਤੇ ਛੱਡਣਾ ਉਚਿਤ ਨਹੀਂ ਹੁੰਦਾ ਪਰੰਤੂ 'ਦੋਸ਼ੀ ਸਾਬਤ ਹੋਣ ਦੀ ਵਾਸਤਵਿਕ ਸੰਭਾਵਨਾ' ਯੋਗ ਸਬੂਤ ਅਜੇ ਉਪਲਬਧ ਨਹੀਂ ਹਨ। ਮਿਸਾਲ ਲਈ ਆਰੋਪ ਲਗਾਉਣ ਤੋਂ ਪਹਿਲਾਂ ਸੀਮਿਤ ਸਮੇ ਵਿੱਚ ਡਾਕਟਰ ਜਾਂ ਹੋਰ ਮਾਹਿਰ ਤੋਂ ਸਬੂਤ ਪ੍ਰਾਪਤ ਨਹੀਂ ਹੋਏ ਹਨ। ਐਪਰ ਏਨੇ ਕੁ ਕਾਫ਼ੀ ਸਬੂਤ ਤਾਂ ਹੋਣੇ ਹੀ ਚਾਹੀਦੇ ਹਨ ਕਿ ਵਿਅਕਤੀ ਨੇ ਅਪਰਾਧ ਕੀਤਾ ਹੈ, ਇਸ ਦਾ ਉਚਿਤ ਸ਼ੱਕ ਪੈਂਦਾ ਹੈ ਅਤੇ ਆਰੋਪ ਲਗਾਉਣਾ ਜਨਹਿਤ ਵਿੱਚ ਹੈ। ਇਸ ਨੂੰ ਬੁਨਿਆਦੀ ਕਸਵੱਟੀ (ਥ੍ਰੈੱਸ਼ਹੋਲਡ ਟੈੱਸਟ - Threshold Test) ਆਖਦੇ ਹਨ ਅਤੇ ਇਸ ਨੂੰ ਮਾਮਲੇ ਦੇ ਅਰੰਭ ਵਿੱਚ ਸੀਮਿਤ ਸਮੇ ਲਈ ਵਰਤਿਆ ਜਾਂਦਾ ਹੈ। ਇਸ ਮਗਰੋਂ ਜਦੋਂ ਸੰਭਵ ਹੋਇਆ, ਪੂਰੀ ਜ਼ਾਬਤਾ (Full Code) ਕਸਵੱਟੀ ਨੂੰ ਵਰਤਿਆ ਜਾਵੇਗਾ।

## ਆਰੋਪਾਂ ਦੀ ਚੋਣ

ਜਦੋਂ ਉਹ ਮਾਮਲੇ ਦੀ ਸਮੀਖਿਆ ਕਰਦੇ ਹਨ, ਕ੍ਰਾਊਨ ਪ੍ਰਾਸੀਕਿਊਟਰ ਨੂੰ ਇਹ ਸਦਾ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਪ੍ਰਤਿਵਾਦੀ (ਮੁੱਦਾਲਾ) ਵਿਰੁੱਧ ਲਾਏ ਜਾ ਰਹੇ ਆਰੋਪ ਠੀਕ ਹਨ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਆਰੋਪ ਅਪਰਾਧ ਦੀ ਗੰਭੀਰਤਾ ਦੇ ਉਪਯੁਕਤ ਹਨ ਅਤੇ ਅਦਾਲਤ ਨੂੰ ਉਚਿਤ ਸਜ਼ਾ ਦੇਣ ਦੇ ਅਧਿਕਾਰ ਦਿੰਦੇ ਹਨ। ਇਹ ਵੀ ਮਹੱਤਵਪੂਰਨ ਹੈ ਕਿ ਆਰੋਪ ਦੀ ਚੋਣ ਅਤੇ ਗਿਣਤੀ ਇਹੋ ਜਿਹੀ ਹੈ ਕਿ ਅਦਾਲਤ ਵਿੱਚ ਉਨ੍ਹਾਂ ਦੀ ਵਿਆਖਿਆ ਸਪਸ਼ਟ ਅਤੇ ਅਸਾਨੀ ਨਾਲ ਕੀਤੀ ਜਾ ਸਕਦੀ ਹੈ

ਇਸ ਦਾ ਮਤਲਬ ਹੈ ਕਿ ਜੇਕਰ ਕੋਈ ਆਰੋਪ ਅਪਰਾਧ ਦੇ ਵਧੇਰੇ ਢੁਕਵਾਂ ਹੈ ਤਾਂ ਸਮੇ ਸਮੇ 'ਤੇ ਕ੍ਰਾਊਨ ਪ੍ਰਾਸੀਕਿਊਟਰ ਪ੍ਰਤਿਵਾਦੀ (ਮੁੱਦਾਲਾ) ਵਿਰੁੱਧ ਆਰੋਪ ਨੂੰ ਬਦਲ ਸਕਦੇ ਹਨ।

## ਜੁਰਮ ਇਕਬਾਲ ਕਰਨ ਨੂੰ ਸ੍ਵੀਕਾਰ ਕਰਨਾ

ਕਈ ਵਾਰ ਇਹ ਵੀ ਹੁੰਦਾ ਹੈ ਕਿ ਪ੍ਰਤਿਵਾਦੀ (ਮੁੱਦਾਲਾ) ਸਾਰੇ ਤਾਂ ਨਹੀਂ ਪਰੰਤੂ ਕੁਝ ਆਰੋਪਾਂ ਨੂੰ ਇਕਬਾਲ ਕਰਨਾ ਚਾਹੁੰਦਾ ਹੈ ਜਾਂ ਘੱਟ ਗੰਭੀਰ ਅਪਰਾਧ ਨੂੰ ਇਕਬਾਲ ਕਰਨਾ ਚਾਹੁੰਦਾ ਹੈ। ਕ੍ਰਾਊਨ ਪ੍ਰਾਸੀਕਿਊਟਰ ਨੂੰ ਇਹ ਉਦੋਂ ਹੀ ਸ੍ਵੀਕਾਰ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਦੇ ਵਿਚਾਰ ਵਿੱਚ ਅਦਾਲਤ ਅਰਪਾਧ ਦੀ ਗੰਭੀਰਤਾ ਦੇ ਢੁਕਵੀਂ ਸਜ਼ਾ ਦੇ ਸਕੇਗੀ।

ਜੱਜ ਜਾਂ ਮਜਿਸਟ੍ਰੇਟ ਤੋਂ ਕਿਸੇ ਵਿਸ਼ੇਸ਼ ਪ੍ਰਕਾਰ ਦੀ ਸਜ਼ਾ ਦੇਣ ਦੀ ਮੰਗ ਕੀਤੀ ਜਾਵੇ, ਇਹ ਕੰਮ ਕ੍ਰਾਊਨ ਪ੍ਰਾਸੀਕਿਊਟਰ ਨਹੀਂ ਕਰ ਸਕਦੇ ਹਨ।

## ਵਿਕਟਿਮ ਸੱਪੋਰਟਲਾਈਨ (Victim Supportline)

ਜੇਕਰ ਤੁਹਾਨੂੰ ਵਧੇਰੇ ਸਹਾਇਤਾ ਦੀ ਲੋੜ ਹੈ ਤਾਂ ਤੁਸੀਂ ਵਿਕਟਿਮ ਸੱਪੋਰਟਲਾਈਨ (ਪੀੜਿਤ ਸਹਾਇਤਾ ਲਾਈਨ - Victim Supportline) ਨੂੰ 0845 30 30 900 'ਤੇ ਟੈਲੀਫ਼ੋਨ ਕਰ ਸਕਦੇ ਹੋ।

ਇਸ ਨੂੰ ਵਿਕਟਿਮ ਸੱਪੋਰਟ (Victim Support) ਨਾਮਕ ਸੁਤੰਤਰ ਖ਼ਰੈਤੀ ਸੰਸਥਾ ਚਲਾਉਂਦੀ ਹੈ ਜਿਸ ਦਾ ਟ੍ਰੇਨਿੰਗ ਪ੍ਰਾਪਤ ਸਟਾਫ਼ ਅਤੇ ਵਲੰਟੀਅਰ ਅਪਰਾਧ ਤੋਂ ਪ੍ਰਭਾਵਿਤ ਲੋਕਾਂ ਨੂੰ ਭਾਵਨਾਤਮਿਕ ਸਹਾਰਾ, ਜਾਣਕਾਰੀ ਅਤੇ ਅਮਲੀ ਸਹਾਇਤਾ ਦਿੰਦੇ ਹਨ।

ਵਿਕਟਿਮ ਸੱਪੋਰਟਲਾਈਨ ਇੱਕ ਸਥਾਨਿਕ ਨੰਬਰ ਹੈ ਅਤੇ ਭਾਵੇਂ ਕਿਸੇ ਅਪਰਾਧ ਦੀ ਰਿਪੋਰਟ ਕੀਤੀ ਗਈ ਹੈ ਕਿ ਨਹੀਂ, ਉਸ ਦੇ ਪ੍ਰਭਾਵ ਦੇ ਸ਼ਿਕਾਰ ਹਰੇਕ ਵਿਅਕਤੀ ਦੇ ਲਈ ਸੰਪਰਕ ਕਰਨ ਦੀ ਪਹਿਲੀ ਜ਼ਰੂਰੀ ਥਾਂ ਹੈ।

ਸਟਾਫ਼ ਵਿਕਟਿਮ ਸੱਪੋਰਟਲਾਈਨ ਤੋਂ ਉਪਲਬਧ ਮੁਫ਼ਤ ਅਤੇ ਗੁਪਤ ਸੇਵਾਵਾਂ ਬਾਰੇ ਦੱਸ ਸਕਦੇ ਹਨ ਅਤੇ ਜੇਕਰ ਲੋੜ ਹੋਵੇ ਤਾਂ ਤੁਹਾਨੂੰ ਸਥਾਨਿਕ ਵਿਕਟਿਮ ਸੱਪੋਰਟ ਸਕੀਮ (Victim Support Scheme - ਪੀੜਿਤ ਸਹਾਇਤਾ ਸਕੀਮ) ਜਾਂ ਵਿਟਨੈੱਸ ਸਕੀਮ (Witness Scheme - ਗਵਾਹ ਸਕੀਮ) ਜਾਂ ਕਿਸੇ ਦੂਜੀ ਸੰਸਥਾ ਨਾਲ ਸੰਪਰਕ ਵਿੱਚ ਲਿਆ ਸਕਦਾ ਹੈ।

## ਸ਼ਿਕਾਇਤਾਂ

ਸਾਡਾ ਮਕਸਦ ਸ਼ਿਕਾਇਤਾਂ ਨਾਲ ਸੰਵੇਦਨਸ਼ੀਲ, ਉਚਿਤ ਅਤੇ ਗੁਪਤ ਤਰੀਕੇ ਨਾਲ ਨਜਿੱਠਣ ਦਾ ਹੈ। ਜੇਕਰ ਤੁਹਾਡੀ ਸ਼ਿਕਾਇਤ ਉਚਿਤ ਹੈ ਤਾਂ ਅਸੀਂ ਖਿਮਾ ਮੰਗਾਂਗੇ, ਮਾਮਲੇ ਨੂੰ ਠੀਕ ਕਰਨ ਦਾ ਜਤਨ ਕਰਾਂਗੇ ਅਤੇ ਇਹੋ ਜਿਹਾ ਪ੍ਰਬੰਧ ਕਰਨ ਦਾ ਜਤਨ ਕਰਾਂਗੇ ਕਿ ਇਹ ਫਿਰ ਨਾ ਹੋਵੇ।

ਅਸੀਂ ਤੁਹਾਡੇ ਪੱਤਰ ਪ੍ਰਾਪਤ ਹੋਣ ਦੇ ਤਿੰਨ ਕਾਰਜ ਦਿਨਾਂ ਵਿੱਚ ਉੱਤਰ ਦੇਣ ਦਾ ਜਤਨ ਕਰਾਂਗੇ। ਜੇਕਰ ਅਸੀਂ ਇਸ ਸਮੇ ਵਿੱਚ ਪੂਰਾ ਉੱਤਰ ਨਹੀਂ ਦੇ ਸਕਦੇ ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਅਸੀਂ ਤੁਹਾਡਾ ਪੱਤਰ ਪ੍ਰਾਪਤ ਕਰ ਲਿਆ ਹੈ ਅਤੇ ਸਾਡਾ ਮਕਸਦ ਦੱਸ ਕਾਰਜ ਦਿਨਾਂ ਵਿੱਚ ਪੂਰਾ ਉੱਤਰ ਦੇਣ ਦਾ ਹੈ।

1 ਕੇਸ ਜਿਸ ਪ੍ਰਕਾਰ ਨਜਿੱਠਿਆ ਗਿਆ, ਜੇਕਰ ਤੁਸੀਂ ਇਸ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ ਕਿ ਤਾਂ ਤੁਹਾਨੂੰ ਸੀਪੀਐਸ (CPS) ਦਫ਼ਤਰ ਨੂੰ ਲਿੱਖਣਾ ਚਾਹੀਦਾ ਹੈ ਜਿੱਥੇ ਕਿ ਉਸ ਨੂੰ ਪਹਿਲਾਂ ਨਿਪਟਾਇਆ ਗਿਆ ਸੀ।

ਜਿੰਨੀ ਵੱਧ ਸੰਭਵ ਹੋਵੇ, ਜਾਣਕਾਰੀ ਸ਼ਾਮਲ ਕਰੋ, ਜਿਵੇਂ ਕਿ
- ਪ੍ਰਤਿਵਾਦੀ (ਮੁੱਦਾਲਾ) ਦਾ ਨਾਂ;
- ਪ੍ਰਾਸੀਕਿਊਟਰ ਦਾ ਨਾਂ ਜਿਸ ਦੇ ਚਾਰਜ ਵਿੱਚ ਕੇਸ ਸੀ;
- ਕਿਹੜੀ ਅਦਾਲਤ ਵਿੱਚ ਕੇਸ ਚੱਲਿਆ;
- ਸੁਣਵਾਈ ਦੀ ਤਾਰੀਖ਼; ਅਤੇ
- ਹਵਾਲਾ ਨੰਬਰ, ਜੇਕਰ ਤੁਹਾਡੇ ਕੋਲ ਹੈ।

2 ਜੇਕਰ ਤੁਸੀਂ ਸਥਾਨਿਕ ਦਫ਼ਤਰ ਤੋਂ ਪ੍ਰਾਪਤ ਉੱਤਰ ਤੋਂ ਸੰਤੁਸ਼ਟ ਨਹੀਂ ਹੋ ਤਾਂ ਤੁਹਾਨੂੰ ਏਰੀਆ ਦੇ ਚੀਫ਼ ਕ੍ਰਾਊਨ ਪ੍ਰਾਸੀਕਿਊਟਰ (Chief Crown Prosecutor) ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਹ ਤੁਹਾਡੀ ਸ਼ਿਕਾਇਤ ਉੱਪਰ ਕਾਰਵਾਈ ਕਰਨਗੇ ਅਤੇ ਤੁਹਾਨੂੰ ਵਾਪਸ ਪੱਤਰ ਲਿੱਖਣਗੇ।

3 ਜੇਕਰ ਤੁਸੀਂ ਅਜੇ ਵੀ ਸੰਤੁਸ਼ਟ ਨਹੀਂ ਹੋ ਤਾਂ ਤੁਹਾਨੂੰ ਪਬਲਿਕ ਇਨਕੁਆਇਰੀ ਪਾਇੰਟ (Public Enquiry Point) ਰਾਹੀਂ ਸੀਪੀਐਸ ਕਸਟਮਰ ਸਰਵਿਸ ਯੂਨਿਟ (CPS Customer Service Unit) ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਸੀਂ ਇਸ ਲੀਫ਼ਲੈੱਟ ਦੇ ਪਿਛਲੇ ਪਾਸੇ ਸੰਪਰਕ ਸੰਬੰਧਤ ਜਾਣਕਾਰੀ ਵੇਖ ਸਕਦੇ ਹੋ।

4 ਜਿਨ੍ਹਾਂ ਸ਼ਿਕਾਇਤਾਂ ਦਾ ਸਥਾਨਿਕ ਪੱਧਰ 'ਤੇ ਨਿਪਟਾਰਾ ਨਹੀਂ ਹੁੰਦਾ, ਉਨ੍ਹਾਂ ਨੂੰ ਕਸਟਮਰ ਸਰਵਿਸ ਯੂਨਿਟ (Customer Service Unit) ਰਾਹੀਂ ਡਾਇਰੈਕਟਰ ਆਫ਼ ਪਬਲਿਕ ਪ੍ਰਾਸੀਕਿਊਸ਼ਨਜ਼ (Director of Public Prosecutions) ਜਾਂ ਸੀਪੀਐਸ ਚੀਫ਼ ਐਕਜ਼ੀਕਿਊਟਿਵ (CPS Chief Executive) ਨੂੰ ਘੱਲਿਆ ਜਾਂਦਾ ਹੈ ਜੋ ਤੁਹਾਡੀ ਸ਼ਿਕਾਇਤ ਨਾਲ ਕਿਵੇਂ ਨਜਿੱਠਿਆ ਜਾਵੇ ਬਾਰੇ ਨਿੱਜੀ ਤੌਰ 'ਤੇ ਵਿਚਾਰ ਕਰਨਗੇ, ਅਤੇ ਤੁਹਾਨੂੰ ਉੱਤਰ ਘੱਲਣਗੇ ਜਾਂ ਉੱਤਰ ਘੱਲੇ ਜਾਣ ਦੀ ਵਿਵਸਥਾ ਕਰਨਗੇ।

ਤੁਹਾਡੇ ਸਥਾਨਿਕ ਸਿਟੀਜ਼ਨਜ਼ ਐਡਵਾਈਸ ਬਿਊਰੋ (Citizen's Advice Bureau) ਤੋਂ ਸ਼ਿਕਾਇਤ ਕਰਨ ਦੇ ਦੂਜੇ ਤਰੀਕਿਆਂ ਬਾਰੇ ਵਧੇਰੇ ਮਸ਼ਵਰਾ ਲਿਆ ਜਾ ਸਕਦਾ ਹੈ ਜਾਂ ਤੁਸੀਂ ਆਪਣੇ ਸਥਾਨਿਕ ਐਮਪੀ (MP) ਨੂੰ ਲਿਖ ਸਕਦੇ ਹੋ।

## ਫ਼ੌਜਦਾਰੀ ਮੁਕੱਦਮਾ ਚਲਾਉਣਾ

ਫ਼ੌਜਦਾਰੀ ਨਿਆਂ ਪ੍ਰਣਾਲੀ ਅਨੇਕ ਏਜੰਸੀਆਂ ਦੀ ਬਣੀ ਹੋਈ ਹੈ। ਇਨ੍ਹਾਂ ਵਿੱਚ ਨਿਮਨਲਿਖਿਤ ਸ਼ਾਮਲ ਹਨ, ਇਸ ਸੂਚੀ ਵਿੱਚ ਉਨ੍ਹਾਂ ਦਾ ਸੰਪਰਕ ਵੇਰਵਾ ਵੀ ਦਿੱਤਾ ਹੋਇਆ ਹੈ ਜੋ, ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਲੋੜੀਂਦੀ ਹੈ ਤਾਂ, ਉਪਯੋਗੀ ਸਾਬਤ ਹੋ ਸਕਦਾ ਹੈ।

ਦੀ ਹੋਮ ਆਫ਼ਿਸ (The Home Office)
ਪਬਲਿਕ ਇਨਕੁਆਇਰੀ ਸਰਵਿਸ (Public Enquiry Service)
ਟੈਲੀਫ਼ੋਨ: 020 7273 2251.
ਵੈਬਸਾਈਟ: http://www.homeoffice.gov.uk

ਦੀ ਡਿਪਾਰਟਮੈਂਟ ਫ਼ਾਰ ਕਾਂਸਟੀਟਿਊਸ਼ਨਲ ਅਫ਼ੇਅਰਜ਼ (The Department for Constitutional Affairs)
ਟੈਲੀਫ਼ੋਨ: 020 7210 8500.
ਵੈਬਸਾਈਟ: http://www.open.gov.uk/lcd/index.htm (Is this the correct website now?)

ਕੋਰਟ ਸਰਵਿਸ (Court Service)
ਟੈਲੀਫ਼ੋਨ: 020 7210 2269.
ਵੈਬਸਾਈਟ: http://www.courtservice.gov.uk

(Not any more. Should the Office for Criminal justice Reform (OCJR) go here?)

ਦੀ ਐਸੋਸੀਏਸ਼ਨ ਆਫ਼ ਚੀਫ਼ ਪੁਲਿਸ ਆਫ਼ੀਸਰਜ਼ (ਏਸੀਪੀਓ) (The Association of Chief Police Officers - ACPO)
ਟੈਲੀਫ਼ੋਨ: 020 7227 3434.
ਈ-ਮੇਲ: acpo@acpo.police.uk

ਨੈਸ਼ਨਲ ਆਫ਼ਿਸ ਆਫ਼ ਵਿਕਟਿਮ ਸੱਪੋਰਟ (National Office of Victim Support)
ਟੈਲੀਫ਼ੋਨ: 020 7735 9166.

ਯੂਥ ਜਸਟਿਸ (Youth Justice) ਵੈਬਸਾਈਟ
http://www.youth-justice-board.gov.uk

ਨੈਸ਼ਨਲ ਐਸੋਸੀਏਸ਼ਨ ਫ਼ਾਰ ਦੀ ਕੇਅਰ ਐਂਡ ਰੀਸੈਟਲਮੈਂਟ ਆਫ਼ ਆਫ਼ੈਂਡਰਜ਼ (National Association for the Care and Resettlement of Offenders):
ਟੈਲੀਫ਼ੋਨ: 020 7582 6500.

ਸੀਪੀਐਸ ਪਬਲਿਕ ਐਨਕੁਆਇਰੀ ਪਾਇੰਟ (CPS Public Enquiry Point) ਸੀਪੀਐਸ ਬਾਰੇ ਆਮ ਜਾਣਕਾਰੀ ਅਤੇ ਕਿਸ ਨੂੰ ਸੰਪਰਕ ਕੀਤਾ ਜਾਵੇ ਬਾਰੇ ਜਾਣਕਾਰੀ ਦੇ ਸਕਦੀ ਹੈ। ਇਹ ਕਨੂੰਨੀ ਮਸ਼ਵਰਾ ਨਹੀਂ ਦੇ ਸਕਦੀ ਪਰੰਤੂ ਤੁਹਾਨੂੰ ਅਮਲੀ ਜਾਣਕਾਰੀ ਦੇ ਸਕਦੀ ਹੈ।

## ਫ਼ੌਜਦਾਰੀ ਮੁਕੱਦਮਾ ਚਲਾਉਣਾ

ਸੀਪੀਐਸ ਪਬਲਿਕ ਐਨਕੁਆਇਰੀ ਪਾਇੰਟ (CPS Public Enquiry Point)
ਟੈਲੀਫ਼ੋਨ: 020 7796 8500.
ਅਸੀਂ ਟੈਲੀਫ਼ੋਨ ਤੇ ਹੋ ਰਹੀ ਗੱਲਬਾਤ ਨੂੰ ਰੀਕਾਰਡ ਕਰ ਸਕਦੇ ਹਾਂ।
ਪੁੱਛ-ਗਿੱਛ ਅਤੇ ਟਿੱਪਣੀ ਲਈ ਈ-ਮੇਲ ਪਤਾ:
enquiries@cps.gsi.gov.uk
ਸ਼ਿਕਾਇਤਾਂ ਇਸ ਪਤੇ ‘ਤੇ ਘੱਲੀਆਂ ਜਾ ਸਕਦੀਆਂ ਹਨ:
complaints@cps.gsi.gov.uk

ਸਾਡੀ ਸੰਚਾਰ ਬ੍ਰਾਂਚ (Communications Branch) ਕੋਲ ਸੀਪੀਐਸ (CPS) ਬਾਰੇ ਅਨੇਕ ਪ੍ਰਕਾਸ਼ਨ ਹਨ। ਕਿਰਪਾ ਕਰਕੇ ਆਪਣੇ ਸਥਾਨਿਕ ਸੀਪੀਐਸ (CPS) ਏਰੀਆ ਆਫ਼ਿਸ ਨੂੰ ਸੰਪਰਕ ਕਰੋ ਜਾਂ ਇਸ ਪਤੇ ਤੇ ਸੰਪਰਕ ਕਰੋ:

ਸੀਪੀਐਸ ਕਮਿਊਨੀਕੇਸ਼ਨਜ਼ ਬ੍ਰਾਂਚ (CPS Communications Branch)
50 Ludgate Hill, London. EC4M 7EX.
ਟੈਲੀਫ਼ੋਨ: 020 7796 8442.
ਵੈਬਸਾਈਟ: http//www.cps.gov.uk

ਤੁਸੀਂ ਇਸ ਲੀਫ਼ਲੈਟ ਨੂੰ ਬ੍ਰੇਲ, ਦੂਜੀਆਂ ਭਾਸ਼ਾਵਾਂ
ਜਾਂ ਆਡੀਓਟੇਪ ਵਿੱਚ ਪ੍ਰਾਪਤ ਕਰ ਸਕਦੇ ਹੋ।
ਵੇਰਵੇ ਲਈ ਆਪਣੇ ਸਥਾਨਿਕ ਸੀਪੀਐਸ (CPS) ਦਫ਼ਤਰ ਨਾਲ ਸੰਪਰਕ ਕਰੋ।

( Not sure why it says Prosecutions here?)
ਕ੍ਰਾਊਨ
ਪ੍ਰਾਸੀਕਿਊਸ਼ਨ
ਸਰਵਿਸ
(CROWN
PROSECUTION
SERVICE)